# ਮਹਿੰਗਾਈ

ਮਹਿੰਗਾਈ ਆਈ ਯਾਰੋ ਮਹਿੰਗਾਈ ਆਈ,
ਧੇਲੇ ਦੀ ਬੁੜੀ, ਟੱਕਾ ਸਿਰ ਮੁਨਾਈ ।

ਪਹਿਲਾ ਅੱਖ ਇਕ ਅੱਲੜ ਨਾਲ ਲਾਈ,
ਫਿਰ ਉਹ ਮੰਗਣੀ ਕਰਨ ਲਈ ਮਨਾਈ,
ਉਸ ਲਈ ਇਕ **diamond ring** ਬਣਬਾਈ ।

ਮਹਿੰਗਾਈ ਆਈ ਯਾਰੋ ਮਹਿੰਗਾਈ ਆਈ,
ਧੇਲੇ ਦੀ ਬੁੜੀ, ਟੱਕਾ ਸਿਰ ਮੁਨਾਈ ।

ਜਦੋ ਵੀ ਕਦੇ ਮਿਲਣ ਲਈ ਆਈ,
ਕੋਈ ਨਾ ਕੋਈ ਫਰਮੈਸ ਲੈਕੇ ਆਈ,
ਕਰਗੀ ਵਿਆਹ ਤੋ ਪਹਿਲਾ ਮੈਨੂੰ ਕਰਜਾਈ ।

ਮਹਿੰਗਾਈ ਆਈ ਯਾਰੋ ਮਹਿੰਗਾਈ ਆਈ,
ਧੇਲੇ ਦੀ ਬੁੜੀ, ਟੱਕਾ ਸਿਰ ਮੁਨਾਈ ।

ਫਿਰ ਉਹ ਵਿਆਹ ਕਰਨ ਲਈ ਮਨਾਈ,
ਕਹਿੰਦੀ ਬਰਾਤ ਨਾਲ ਲਿਮੋ ਲੈਕੇ ਆਈ,
ਬਿਨਾ ਲਿਮੋ ਸੱਜਣੀ ਨਹੀ ਆਪਣੀ ਸਗਾਈ ।

ਮਹਿੰਗਾਈ ਆਈ ਯਾਰੋ ਮਹਿੰਗਾਈ ਆਈ,
ਧੇਲੇ ਦੀ ਬੁੜੀ, ਟੱਕਾ ਸਿਰ ਮੁਨਾਈ ।

**July: 2006**

ਫਿਰ **honeymoon** ਤੇ ਜਾਣ ਦੀ ਵਾਰੀ ਆਈ,
ਲਿਸਟ ਉਸਨੇ 36 ਸਹਿਰ ਘੁੰਮਣ ਦੀ ਬਣਾਈ,
ਬੈਠਾ ਸੋਚਾ ਇਹ ਕੀ ਮੈ ਇਕ ਬਲਾ ਵਿਆਈ ।

ਮਹਿੰਗਾਈ ਆਈ ਯਾਰੋ ਮਹਿੰਗਾਈ ਆਈ,
ਧੇਲੇ ਦੀ ਬੁੜੀ, ਟੱਕਾ ਸਿਰ ਮੁਨਾਈ ।

ਫਿਰ ਸਾਡੀ ਸੁਆਗ ਰਾਤ ਆਈ,
ਘੁੰਡ ਚੁੱਕਣ ਲਈ ਫਿਰ ਮੈ ਉਹ ਮਨਾਈ,
"ਪੁਟੇ ਪੁਹਾੜ ਨਿਕਲੇ ਚੂਹੇ" ਵਾਲੀ ਗੱਲ ਯਾਦ ਆਈ ।

ਮਹਿੰਗਾਈ ਆਈ ਯਾਰੋ ਮਹਿੰਗਾਈ ਆਈ,
ਧੇਲੇ ਦੀ ਬੁੜੀ, ਟੱਕਾ ਸਿਰ ਮੁਨਾਈ ।

ਫਿਰ ਅਸੀ ਗਰਿਸਤ ਜਿੰਦਗੀ ਚਲਾਈ,
ਰੋਟੀ ਟੁਕ ਖਾਣ ਦੀ ਨੌਬਤ ਉਦੋ ਆਈ,
ਜਦੋ ਅਸੀ ਬੱਚਿਆ ਦੀ ਪੱਲਟਣ ਸਕੂਲ ਪੜ੍ਹਨ ਪਾਈ ।

ਮਹਿੰਗਾਈ ਆਈ ਯਾਰੋ ਮਹਿੰਗਾਈ ਆਈ,
ਧੇਲੇ ਦੀ ਬੁੜੀ, ਟੱਕਾ ਸਿਰ ਮੁਨਾਈ ।

ਇਕ ਜੁਆਕ ਕਹਿਦਾ ਮੇਰੇ ਕੋਲ ਸਲੇਟ ਨਹੀ,
ਦੂਜਾ ਜੁਆਕ ਕਹਿਦਾ ਮੇਰੇ ਕੋਲ **FATE** ਨਹੀ,
**Sarjinder** ਕਹਿਦਾ ਇਹ ਮੈ ਕੀ ਮਸੀਬਤ ਗਲ ਪਾਈ ।

ਮਹਿੰਗਾਈ ਆਈ ਯਾਰੋ ਮਹਿੰਗਾਈ ਆਈ,
ਧੇਲੇ ਦੀ ਬੁੜੀ, ਟੱਕਾ ਸਿਰ ਮੁਨਾਈ ।

**Archived at:** www.geocities.com/new_punjabi_songs
**Written by:** Dr. Sarjinder Singh, Assistant Professor, St. Cloud State University, St. Cloud, MN, USA
**Note:** All opinions are of author's own.

**July: 2006**